ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਸਪਤਾਹਿਕੀ
ਐਤਵਾਰ, 20 ਅਕਤੂਬਰ, 2013

ਪਾਣੀ ਵਾਲਾ (3)

ਅਮੀਨ ਮਲਿਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਉਹਦੇ ਮਾਸੂਮ ਚਿਹਰੇ ਉੱਤੇ ਸ਼ਰਾਫ਼ਤ ਦੀ ਛਾਉਣੀ ਅਤੇ ਹਯਾ ਦਾ ਸਖ਼ਤ ਪਹਿਰਾ ਸੀ। ਉਹ ਸੋਚਦੀ ਸੀ ਕਿ ਪਾਣੀ ਵਾਲੇ ਨਾਲ ਅਜਿਹੇ ਵਿਸ਼ੇ ਦਾ ਮੁੱਢ ਬੱਝਾ ਸੀ ਜਿਸ ਦੇ ਆਸਰੇ ਨਾਲ ਉਹ ਗੱਲ ਦਾ ਲੜ ਫੜ ਕੇ ਮੇਰੇ ਨਾਲ ਦੋ ਘੜੀਆਂ ਹੋਰ ਗੁਜ਼ਾਰ ਸਕਦਾ ਸੀ, ਪਰ ਉਸ ਨੇ ਏਨਾ ਹੀ ਆਖਿਆ, "ਬੀਬੀ ਜੀ! ਮਾਂ ਦੀ ਕੁੱਖ ਵਿਚੋਂ ਵੀ ਸਿਰਫ਼ ਇਨਸਾਨ ਹੀ ਜੰਮਦੇ। ਅੱਗੋਂ ਲੋਕ ਉਸ ਨੂੰ ਧਰਮ, ਜਾਤ ਅਤੇ ਵੱਖ-ਵੱਖ ਖ਼ਿਆਲਾਤ ਦੇ ਦਿੰਦੇ ਹਨ" ਤੇ ਉਹ ਚੁੱਪ ਹੋ ਗਿਆ। ਜਵਾਨੀ ਤਾਂ ਉਮਰ ਦਾ ਅਜਿਹਾ ਹਰਾਮਖ਼ੋਰ ਜਿਹਾ ਦੌਰ ਹੁੰਦੈ ਜਿਸ ਵਿਚ ਆਦਮਖ਼ੋਰੀ ਦਾ ਇਕ ਫ਼ਿਤਰੀ ਜਜ਼ਬਾ ਜ਼ਰੂਰ ਹੁੰਦੈ। ਆਖ਼ਰ ਨਰਗਿਸ ਨੇ ਖ਼ਿਆਲਾਂ ਨੂੰ ਆਪੇ ਹੀ ਜਵਾਬ ਦਿੰਦਿਆਂ ਆਖਿਆ, 'ਪਾਣੀ ਪਿਆਣ ਵਾਲੇ ਵੀ ਸ਼ਰੀਫ਼ ਈ ਹੁੰਦੇ ਨੇ।'

ਸਕੂਲ ਵਿਚ ਅੱਜ ਨਰਗਿਸ ਦਾ ਚੌਥਾ ਦਿਨ ਸੀ ਤੇ ਉਹਨੇ ਸਕੂਲ ਵਿਚ ਹੋਣ ਵਾਲੇ ਕੋਝੇ ਵਿਹਾਰਾਂ ਦੇ ਸੁਧਾਰ ਕਰਦਿਆਂ ਹੀ ਕੱਢੇ ਸਨ। ਮਿਸ ਸਿਤਾਰਾ ਨੂੰ ਇਹ ਸੁਧਾਰ ਚੰਗਾ ਤਾਂ ਨਹੀਂ ਸੀ ਲਗਦਾ, ਪਰ ਉਸ ਕੋਲ ਚੰਗੇ ਨੂੰ ਮੰਦਾ ਆਖ ਕੇ ਠਾਕਣ ਦੀ ਦ੍ਰਿੜ੍ਹਤਾ ਵੀ ਨਹੀਂ ਸੀ।

ਕਈ ਦਿਹਾੜੇ ਚੌਧਰੀ ਰਿਆਜ਼ ਅਪਣੀਆਂ ਮੁਕੱਦਮੇਬਾਜ਼ੀਆਂ ਅਤੇ ਤਾਰੀਖ਼ਾਂ ਭੁਗਤਣ ਵਿਚ ਰੁਝਿਆ ਰਿਹਾ। ਇਸ ਕਰ ਕੇ ਸਕੂਲ ਵਿਚ ਹੋਣ ਵਾਲੇ ਸੁਧਾਰ ਦੀ ਸ਼ਿਕਾਇਤ ਅਜੇ ਤਕ ਕਿਸੇ ਨੇ ਨਹੀਂ ਸੀ ਕੀਤੀ। ਮਿਸ ਸਿਤਾਰਾ ਤਾਂ ਅੱਗੋਂ ਹੀ ਚਾਹੁੰਦੀ ਸੀ ਕਿ ਕੋਈ ਸ਼ਿਕਾਇਤ ਕਰੇ ਅਤੇ ਬਿੱਲੀ ਦੇ ਭਾਗਾਂ ਨੂੰ ਛਿੱਕਾ ਟੁੱਟੇ ਅਤੇ ਨਰਗਿਸ ਨੂੰ ਕੋਈ ਤੱਤੇ ਲਾਹਨਤ ਕਰੇ ਕਿ ਤੂੰ ਕੌਣ ਹੁਨੀ ਏਂ ਸਕੂਲ ਵਿਚ ਗ਼ਲਤੀਆਂ ਕੱਢਣ ਵਾਲੀ?

ਇਕ ਦਿਨ ਸਰਦਾਰ ਹਰਨਾਮ ਸਿੰਘ ਚੀਮਾ ਸਕੂਲੇ ਆਇਆ ਜਦ ਨਰਗਿਸ ਪੜ੍ਹਾ ਰਹੀ ਸੀ। ਉਹ ਚੌਥੀ ਜਮਾਤ ਦੇ ਬਾਲਾਂ ਨੂੰ ਬਲੈਕ ਬੋਰਡ ਉਤੇ ਲਿਖ ਕੇ ਸਬਕ ਸਿਖਾ ਰਹੀ ਸੀ ਕਿ ਰੱਬ ਦੀ ਨਜ਼ਰ ਵਿਚ ਸਾਰੀ ਖ਼ਲਕਤ ਇਕੋ ਜਹੀ ਹੈ। ਇਹ ਕਾਲੇ-ਗੋਰੇ, ਅਮੀਰ-ਗ਼ਰੀਬ ਅਤੇ ਵੱਡੇ-ਨਿੱਕੇ ਇਕ ਦੂਜੇ ਨਾਲੋਂ ਉੱਚੇ ਨੀਵੇਂ ਨਹੀਂ ਹੁੰਦੇ। ਅਜੇ ਉਹ ਦੂਜਾ ਫ਼ਿਕਰਾ ਲਿਖਣ ਹੀ ਲੱਗੀ ਸੀ ਕਿ ਸਰਦਾਰ ਹਰਨਾਮ ਸਿੰਘ ਨੇ ਆਖਿਆ, "ਉਸਤਾਨੀ ਜੀ ਮੈਨੂੰ ਬੜੀ ਛੇਤੀ ਏ ਤੇ ਇਕ ਨਿੱਕੀ ਜਹੀ ਅਰਜ਼ੋਈ ਸੁਣ ਲਉ।"

ਚਾਕ ਹੱਥੋਂ ਛੱਡ ਕੇ ਨਰਗਿਸ ਨੇ ਹੱਥ ਝਾੜਦਿਆਂ ਆਖਿਆ, "ਸਰਦਾਰ ਜੀ! ਸਕੂਲ ਟਾਈਮ ਵਿਚ ਪੜ੍ਹਾਈ ਦਾ ਹਰਜ ਕਰ ਕੇ ਗੱਲ ਕਰਨਾ ਚੰਗਾ ਤੇ ਨਹੀਂ, ਪਰ ਜੇ ਆ ਹੀ ਗਏ ਹੋ ਤੇ ਹੁਕਮ ਕਰੋ।"

"ਓਏ ਹੁਕਮ ਸ਼ੁਕਮ ਸਾਡਾ ਕਾਹਦਾ ਏ ਮਿਸ ਜੀ। ਗੱਲ ਏਨੀ ਕੁ ਏ ਪਈ ਸਾਨੂੰ ਇਹ ਵਾਰਾ ਨਹੀਂ ਖਾਂਦਾ ਕਿ ਹੁਣ ਸਾਡੇ ਨਿਆਣੇ ਕੰਮੀ ਕਮੀਨਾਂ ਲਈ ਟਾਟ ਵਿਛਾਇਆ ਕਰਨ ਅਤੇ ਕੁਰਸੀਆਂ ਮੇਜ਼ ਸੰਭਾਲਿਆ ਕਰਨ। ਇਸ ਤਰ੍ਹਾਂ ਤਾਂ ਕਲ ਨੂੰ ਇਹ ਧੋਬੀ, ਨਾਈ, ਤਰਖਾਣ ਵੀ ਸਾਡੀ ਪੱਗ ਨੂੰ ਹੱਥ ਪਾ ਲੈਣਗੇ। ਚੰਗਾ ਭਲਾ ਕੰਮ ਰਿੜ੍ਹਦਾ ਪਿਆ ਸੀ, ਪਰ ਹੁਣ ਪਾਣੀ ਵਾਲਾ ਘੜਾ, ਇਹ ਕਾਲਾ ਫੱਟਾ ਅਤੇ ਤੱਪੜ-ਸ਼ੱਪੜ ਵੀ ਸਾਡੇ ਮੁੰਡੇ ਹੀ ਚੁੱਕਣ ਲੱਗ ਪਏ ਨੇ। ਇਹ ਪੁੱਠੇ ਸਿੱਧੇ ਸਬਕ ਨਾ ਹੀ ਸਿਖਾਉ ਤਾਂ ਚੰਗਾ ਏ। ਚੌਧਰੀ ਰਿਆਜ਼ ਨੂੰ ਉਡੀਕਿਆ, ਪਰ ਉਹ ਅਪਣੇ ਕੰਮ ਧੰਦਿਆਂ ਤੋਂ ਵਿਹਲਾ ਨਹੀਂ। ਵੱਡੀ ਉਸਤਾਨੀ ਨਾਲ ਗੱਲ ਕੀਤੀ ਤਾਂ ਉਸ ਆਖਿਆ ਕਿ 'ਨਵੀਂ ਉਸਤਾਨੀ ਉਹਦੇ ਵੱਸੋਂ ਬਾਹਰ ਏ।' ਇਸ ਕਰ ਕੇ ਆਪ ਹੀ ਨਜਿੱਠਣ ਆ ਗਿਆ ਹਾਂ। ਵੇਖ ਬੀਬੀ! ਸਾਨੂੰ ਵਾਰਾ ਨਹੀਂ ਜੇ ਖਾਂਦੀਆਂ ਇਹ ਗੱਲਾਂ...ਆਹੋ।"

ਨਰਗਿਸ ਨੇ ਬੜੀ ਹਲੀਮੀ ਨਾਲ ਸਰਦਾਰ ਜੀ ਨੂੰ ਕੁਰਸੀ ਪੇਸ਼ ਕਰ ਕੇ ਆਖਿਆ, "ਚੀਮਾ ਸਾਹਬ! ਮੈਂ ਤੁਹਾਡੀ ਸਾਰੀ ਗੱਲ ਸਮਝ ਗਈ ਆਂ। ਜੇ ਆਗਿਆ ਦਿਉ ਤਾਂ ਇਕ ਗੱਲ ਕਰਾਂ?"

"ਆਹੋ, ਕਰੋ ਤੁਸੀ ਗੱਲ। ਗੱਲ ਦੀ ਕਾਹਦੀ ਮਨਾਹੀ ਏ, ਪਰ ਮੈਂ ਅਪਣੇ ਪੁੱਤਰ ਨੂੰ ਤੱਪੜ ਵਛਾਂਦਿਆਂ ਔਖੀਂ ਡਿੱਠਾ ਏ।" ਸਰਦਾਰ ਜੀ ਨੇ ਮੁੱਛ ਮਰੋੜਦਿਆਂ ਆਖਿਆ।

ਨਰਗਿਸ ਨੇ ਚੁੰਨੀ ਸਵਾਹਰੀ ਕਰਦਿਆਂ ਆਖਿਆ, "ਚੀਮਾ ਸਾਹਬ! ਸਰਕਾਰ ਨੇ ਚਪੜਾਸੀ ਤਾਂ ਕੋਈ ਦਿਤਾ ਨਹੀਂ। ਮੇਰੇ ਆਣ ਤੋਂ ਪਹਿਲਾਂ ਇਹ ਸਾਰੇ ਕੰਮ ਵਿਚਾਰੇ ਧੋਬੀ, ਛੀਂਬੇ ਅਤੇ ਲੋਹਾਰਾਂ-ਤਰਖਾਣਾਂ ਦੇ ਮੁੰਡੇ ਹੀ ਕਰਦੇ ਸਨ। ਇਥੋਂ ਤਕ ਕਿ ਗੁਰਬਖ਼ਸ਼ ਸਿੰਘ ਤਰਖਾਣ ਦਾ ਮੁੰਡਾ ਸਿਰ ਉਪਰ ਟਾਟ ਚੁੱਕ ਕੇ ਇਕੱਲਾ ਹੀ ਲਿਆਉਂਦਾ ਤਾਂ ਉਸ ਦੇ ਸਿਰ ਉਤੋਂ ਪੱਗ ਢਹਿ ਪੈਂਦੀ। ਮੁੰਡੇ ਠੱਠਾ ਕਰਦੇ ਅਤੇ ਤਾੜੀਆਂ ਮਾਰਦੇ। ਇਸ ਕਰ ਕੇ ਸਰਦਾਰ ਜੀ ਇਹ ਸਾਰੇ ਬਾਲ ਜਦੋਂ ਸਕੂਲ ਵਿਚ ਆ ਜਾਣ ਤਾਂ ਸੱਭ ਦਾ ਨਾਂ ਤਾਲਬਿਇਲਮ ਅਤੇ ਵਿਦਿਆਰਥੀ ਹੀ ਹੁੰਦੈ। ਇਨ੍ਹਾਂ ਦੇ ਪਿਉ ਕੰਮੀ-ਕਮੀਨ ਹੀ ਸਹੀ, ਪਰ ਇਨ੍ਹਾਂ ਨੂੰ ਅਹਿਸਾਸ ਕਮਤਰੀ ਅਤੇ ਹੀਣਤਾ ਦੀ ਸੱਟ ਕਿਉਂ ਮਾਰੀਏ? ਮੈਂ ਵਾਰੀ ਲਾ ਦਿਤੀ ਏ, ਜਿਵੇਂ ਠੀਕਰੀ ਪਹਿਰਾ ਦੇਣ ਦੀ ਵਾਰੀ ਲਾਈ ਜਾਂਦੀ ਸੀ। ਇਸ ਤਰ੍ਹਾਂ ਗ਼ਰੀਬਾਂ ਦੀ ਹੀਣਤਾ ਵਿਚ ਕਮੀ ਆਵੇਗੀ ਅਤੇ ਨਾਲੇ ਦੂਜੇ ਬਾਲਾਂ ਦਾ ਗ਼ਰੂਰ, ਘੁਮੰਡ ਅਤੇ ਤਕੱਬੁਰ ਖ਼ਤਮ ਹੋ ਕੇ ਉਨ੍ਹਾਂ ਵਿਚ ਆਮ ਸੇਵਾ ਦਾ ਉਤਸ਼ਾਹ ਅਤੇ ਖ਼ਿਦਮਤ ਦਾ ਜਜ਼ਬਾ ਵਧੇਗਾ।"

"ਉਤਸ਼ਾਹ ਵਧੂ ਜਾਂ ਘਟੂ, ਇਹ ਤਾਂ ਮੈਨੂੰ ਪਤਾ ਨਹੀਂ, ਪਰ ਇਹ ਕੰਮ ਘਾਟ ਵਾਲੈ।" ਸਰਦਾਰ ਜੀ ਨੇ ਨਰਗਿਸ ਦੀ ਗੱਲ ਅੱਧ ਵਿਚ ਹੀ ਟੋਕ ਕੇ ਅਪਣਾ ਫ਼ੈਸਲਾ ਸੁਣਾ ਦਿਤਾ।

ਨਰਗਿਸ ਨੂੰ ਪਤਾ ਸੀ ਕਿ ਪੋਤੜਿਆਂ ਦੇ ਵਿਗੜੇ ਇਨ੍ਹਾਂ ਚੌਧਰੀਆਂ ਨਾਲ ਮੱਥਾ ਮਾਰਨਾ ਮੱਝ ਅੱਗੇ ਬੀਨ ਵਜਾਉਣ ਵਾਲੀ ਹੀ ਗੱਲ ਹੈ। ਉਸ ਨੇ ਇਕ ਵਧੀਆ ਜਿਹਾ ਹੱਲ ਲੱਭ ਕੇ ਆਖਿਆ, "ਸਰਦਾਰ ਜੀ! ਇਸ ਦਾ ਫ਼ੈਸਲਾ ਅਸੀ ਤੁਹਾਡੇ ਕਾਕੇ ਮਹਿੰਦਰ ਸਿੰਘ ਉਪਰ ਛਡਦੇ ਹਾਂ। ਜੇ ਉਸ ਨੂੰ ਵੀ ਬੁਰੀ ਲੱਗੀ ਏ ਤਾਂ ਅਸੀ ਇਨ੍ਹਾਂ ਕੋਲੋਂ ਕਦੀ ਇਹ ਕੰਮ ਨਹੀਂ ਕਰਾਵਾਂਗੇ।"

ਸਰਦਾਰ ਚੀਮਾ ਮਾੜਾ ਜਿਹਾ ਹਸਿਆ ਤੇ ਆਖਣ ਲੱਗਾ, "ਉਸ ਕਮਲੇ ਨੇ ਕੀ ਆਖਣੈ। ਪਰ ਚਲੋ, ਉਸ ਦੀ ਮਰਜ਼ੀ ਏ ਤਾਂ ਸਾਨੂੰ ਕੀ? ਪਰ ਇਹ ਦੱਸ ਦੇਵਾਂ ਕਿ ਕੰਮੀ ਲੋਕ ਅਸਾਂ ਨਹੀਂ ਬਣਾਏ, ਇਹ ਪੋਤੜਿਆਂ ਤੋਂ ਲੈ ਕੇ ਪੋਤਰਿਆਂ ਤਕ ਕੰਮੀ ਹੀ ਰਹਿਣਗੇ।"

ਨਰਗਿਸ ਨੇ ਰੱਬ ਕਰ ਕੇ ਸਰਦਾਰ ਚੀਮਾ ਨੂੰ ਟੋਰਿਆ ਤੇ ਮਲਿਕ ਰਹਿਮਤ ਖ਼ਾਨ ਇਸੇ ਹੀ ਕੰਮ ਲਈ ਆਣ ਵੜਿਆ। ਮਿਸ ਸਿਤਾਰਾ ਨੇ ਉਸ ਨੂੰ ਵੀ ਹੱਥ ਦੇ ਇਸ਼ਾਰੇ ਨਾਲ ਨਰਗਿਸ ਵਲ ਟੋਰ ਦਿਤਾ। ਮਲਿਕ ਰਹਿਮਤ ਨੇ ਵੀ ਵਾਹਵਾ ਵਿਸ ਘੋਲੀ ਅਤੇ ਰੱਜ ਕੇ ਔਹਰਿਆ। ਪਰ ਨਰਗਿਸ ਨੇ ਉਹਦੇ ਪੁੱਤਰ ਜ਼ਾਹਿਦ ਨੂੰ ਸੱਦ ਕੇ ਆਖਿਆ, "ਬੇਟਾ ਜ਼ਾਹਿਦ, ਤੂੰ ਦੱਸ ਕਿ ਇਹ ਸਕੂਲ ਦਾ ਕੰਮ ਕਰਨਾ ਤੈਨੂੰ ਚੰਗਾ ਲਗਦੈ ਕਿ ਨਹੀਂ?"

ਜ਼ਾਹਿਦ ਨੇ ਬਾਂਹ ਖੜੀ ਕਰ ਕੇ ਆਖਿਆ, "ਹੁਣ ਮੈਂ ਘੰਟੀ ਧਰੇਕ ਦੇ ਖੁੰਢ ਨਾਲ ਆਪ ਟੰਗਦਾਂ ਤੇ ਉਸ ਨੂੰ ਵਜਾ ਕੇ ਵੀ ਮੈਨੂੰ ਸਵਾਦ ਆਉਂਦੈ।"

ਮਲਿਕ ਰਹਿਮਤ ਨੇ ਹੱਸ ਕੇ ਪੱਗ ਦਾ ਤੁਰਲਾ ਉੱਚਾ ਕਰਦਿਆਂ ਆਖਿਆ, "ਜਾ ਓਏ ਸਹੁਰਿਆ, ਗੱਲ ਹੀ ਗਾਲ ਦਿਤੀ ਉ। ਤੈਨੂੰ ਹੁਣ ਕੰਮੀਆਂ ਵਾਲੇ ਕੰਮਾਂ ਵਿਚ ਸਵਾਦ ਆਣ ਲੱਗ ਪਿਐ। ਕਲ ਨੂੰ ਦਾਤਰੀਆਂ ਦੇ ਦੰਦੇ ਕੱਢੀਂ ਅਤੇ ਰੰਬੇ ਚੰਡ ਕੇ ਢੱਗਿਆਂ ਨੂੰ ਖੁਰੀਆਂ ਲਾ ਕੇ ਖ਼ੁਸ਼ ਹੋਇਆ ਕਰੇਂਗਾ, ਢੇਕਾ ਨਾ ਹੋਵੇ ਤਾਂ।"

ਨਰਗਿਸ ਹੋਂਠਾਂ ਵਿਚ ਅਪਣੀ ਜਿੱਤ ਉਪਰ ਮੁਸਕਰਾਈ ਅਤੇ ਰਹਿਮਤ ਖ਼ਾਂ ਵੀ ਚਲਾ ਗਿਆ। ਨਰਗਿਸ ਖ਼ੁਸ਼ੀ-ਖ਼ੁਸ਼ੀ ਬਾਲਾਂ ਦੀ ਟੋਲੀ ਨੂੰ ਫਿਰ ਪੜ੍ਹਾਉਣ ਲੱਗ ਪਈ।

ਜ਼ਾਹਿਦ ਉਠ ਕੇ ਆਖਣ ਲੱਗਾ, "ਮਿਸ ਜੀ, ਅੱਜ ਟਾਟ ਚੁੱਕਣ ਦੀ ਵਾਰੀ ਬਖ਼ਸ਼ੂ ਤਰਖਾਣ ਦੀ ਏ।"

ਨਰਗਿਸ ਨੇ ਆਖਿਆ, "ਵੇਖ ਜ਼ਾਹਿਦ, ਬਖ਼ਸ਼ੂ ਨਹੀਂ, ਗੁਰਬਖ਼ਸ਼ ਸਿੰਘ ਆਖ। ਨਾਲੇ ਇਹ ਲੁਹਾਰ, ਧੋਬੀ, ਨਾਈ, ਤਰਖਾਣ ਅਤੇ ਚੌਧਰੀ, ਮਲਿਕ, ਚੀਮਾ ਜਾਂ ਖ਼ਾਨ ਸੱਭ ਇਨਸਾਨ ਨੇ। ਰੱਬ ਨੇ ਕਿਸੇ ਦਾ ਨਾਮ ਨਹੀਂ ਸੀ ਰਖਿਆ। ਇਸ ਜ਼ਾਲਮ ਇਨਸਾਨ ਨੇ ਹੀ ਇਨਸਾਨਾਂ ਦੇ ਡਕਰੇ ਕਰ ਕੇ ਪਾੜੇ ਪਾ ਦਿਤੇ ਨੇ। ਰੱਬ ਨੇ ਗੁਰਬਖ਼ਸ਼ ਸਿੰਘ ਦਾ ਨਾਮ ਤਰਖਾਣ ਨਹੀਂ ਸੀ ਰਖਿਆ।" ਜ਼ਾਹਿਦ ਮਲਿਕ ਗੱਲਾਂ ਸੁਣ ਕੇ ਸ਼ਰਮਿੰਦਾ ਜਿਹਾ ਹੋ ਕੇ ਬਹਿ ਗਿਆ।

ਛੁੱਟੀ ਦੀ ਘੰਟੀ ਵੱਜੀ ਤਾਂ ਸਾਰੇ ਚੌਧਰੀ, ਮਲਿਕ, ਚੀਮੇ ਅਤੇ ਕੰਮੀ ਕਮੀਨ ਰਲ ਕੇ ਚੀਜ਼ਾਂ-ਵਸਤਾਂ ਅੰਦਰ ਰੱਖਣ ਲੱਗ ਪਏ। ਨਰਗਿਸ ਨੇ ਵੀ ਕੁਰਸੀ ਚੁੱਕੀ ਤਾਂ ਮਹਿੰਦਰ ਸਿੰਘ ਨੇ ਦੌੜ ਕੇ ਉਸ ਦੇ ਹੱਥੋਂ ਫੜ ਕੇ ਆਖਿਆ, "ਮਿਸ ਜੀ, ਤੁਸੀ ਰਹਿਣ ਦਿਉ, ਮੈਂ ਆਪੇ ਹੀ ਚੁਕਾਂਗਾ।" ਪਿਆਰ, ਮੁਹੱਬਤ, ਸੇਵਾ ਅਤੇ ਕੁਰਬਾਨੀ ਦਾ ਇਹ ਰੰਗ ਵੇਖ ਕੇ ਨਰਗਿਸ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਤਰਨ ਲੱਗ ਪਏ।

ਸਾਰੇ ਬਾਲ ਘਰਾਂ ਨੂੰ ਚਲੇ ਗਏ, ਪਰ ਤੀਜੀ ਜਮਾਤ ਦਾ ਰੱਖੂ ਛੀਂਬਾ ਖਲੋਤਾ ਰਿਹਾ। ਉਹ ਕੋਈ ਗੱਲ ਕਰਨ ਨੂੰ ਅਹੁਲਦਾ ਸੀ। ਨਰਗਿਸ ਨੇ ਪਿਆਰ ਨਾਲ ਉਸ ਦੇ ਕੁੜਤੇ ਦਾ ਉਤਲਾ ਬੀੜਾ ਮੇਲਦਿਆਂ ਆਖਿਆ, "ਅੱਲਾ ਰੱਖਾ ਛੁੱਟੀ ਹੋ ਗਏ ਏ, ਤੂੰ ਨਹੀਂ ਗਿਆ?"

ਅੱਲਾ ਰੱਖਾ ਸਿਰ ਨੀਵਾਂ ਕਰ ਕੇ ਆਖਣ ਲੱਗਾ, "ਮਿਸ ਜੀ! ਬੇਬੇ ਆਖਦੀ ਸੀ ਕਿ ਛੋਟੀ ਉਸਤਾਨੀ ਨੂੰ ਆਖੀਂ, ਉਹ ਵੀ ਅਪਣੇ ਲੀੜੇ ਧਵਾ ਲਿਆ ਕਰੇ। ਅਸੀ ਉਹਦੇ ਕੋਲੋਂ ਵੀ ਪੈਸੇ ਨਹੀਂ ਲਵਾਂਗੇ।"

ਭੁੱਖ, ਨੰਗ ਅਤੇ ਗ਼ਰੀਬੀ ਨਾਲ ਬੰਜਰ ਜ਼ਮੀਨ ਵਾਂਗ ਉਜੜੇ ਹੋਏ ਵਿਰਾਨ ਰੱਖੂ ਨੂੰ ਨਰਗਿਸ ਨੇ ਸੀਨੇ ਨਾਲ ਲਾ ਲਿਆ। ਉਸ ਦਾ ਜੀਅ ਕੀਤਾ ਕਿ ਇਸ ਮਾਸੂਮ ਬਾਲ ਦੀ ਸਾਰੀ ਭੁੱਖ, ਬੇਬਸੀ, ਬੇਕਸੀ, ਮਜਬੂਰੀ ਅਤੇ ਲਾਚਾਰੀ ਨੂੰ ਅਪਣੀਆਂ ਅੱਖਾਂ ਦੇ ਪਾਣੀ ਨਾਲ ਧੋ ਸੁੱਟੇ। ਏਨੇ ਚਿਰ ਵਿਚ ਅੰਦਰੋਂ ਸਿਤਾਰਾ ਜਬੀਨ ਦੀ ਝਾਤੀ ਪੈ ਗਈ ਤੇ ਉਸ ਨੂੰ ਕੁੱਝ ਖੁੜਕ ਗਈ। ਬਾਹਰ ਆ ਕੇ ਆਖਣ ਲੱਗੀ, "ਮਿਸ ਨਰਗਿਸ! ਇਹ ਛੀਂਬਿਆਂ ਦਾ ਮੁੰਡਾ ਕੀ ਆਖਦੈ?"

ਅਪਣੇ ਹੰਝੂ ਪੀ ਕੇ ਨਰਗਿਸ ਨੇ ਸਿਤਾਰਾ ਦੇ ਐਬ ਉਪਰ ਕਿਸੇ ਝੂਠੀ ਜਹੀ ਗੱਲ ਦਾ ਪਰਦਾ ਪਾ ਕੇ ਗੱਲ ਨੂੰ ਆਈ ਗਈ ਕਰ ਦਿਤਾ ਤੇ ਅਪਣੇ ਕਾਗ਼ਜ਼ ਪੱਤਰ ਫੜ ਕੇ ਸਕੂਲੋਂ ਨਿਕਲ ਗਈ। ਉਸ ਨੇ ਅਪਣੀ ਪੰਜ ਵਜੇ ਵਾਲੀ ਗੱਡੀ ਫੜਨੀ ਹੁੰਦੀ ਸੀ।

ਦੂਜੇ ਦਿਹਾੜੇ ਨਰਗਿਸ ਚਿੱਟੇ ਚਾਕ ਨਾਲ ਕਾਲੇ ਬੋਰਡ ਉਪਰ ਕੁੱਝ ਦੁੱਧ ਰੰਗੀਆਂ ਗੱਲਾਂ ਲਿਖ ਕੇ ਬਾਲਾਂ ਨੂੰ ਦੱਸ ਰਹੀ ਸੀ ਕਿ ਚੌਧਰੀ ਰਿਆਜ਼ ਦੇ ਨੌਕਰ ਨੇ ਆ ਕੇ ਸੁਨੇਹਾ ਦਿਤਾ ਕਿ ਚੌਧਰੀ ਸਾਹਬ ਨੇ ਅਪਣੀ ਬੈਠਕ ਵਿਚ ਬੁਲਾਇਐ। ਚੌਧਰੀ ਰਿਆਜ਼ ਦਾ ਸੁਨੇਹਾ ਨਰਗਿਸ ਦੇ ਸੀਨੇ ਵਿਚ ਗੋਲੀ ਬਣ ਕੇ ਵੱਜਾ। ਉਸ ਨੇ ਅਪਣੇ ਘਾਟੇ-ਨਫ਼ੇ ਨੂੰ ਛਿੱਤਰ ਉਪਰ ਲਿਖਦੇ ਹੋਏ ਨੌਕਰ ਨੂੰ ਆਖਿਆ, "ਜਾ ਕਾਕਾ, ਅਪਣੇ ਚੌਧਰੀ ਨੂੰ ਆਖ ਦੇ, ਮੈਂ ਇਥੇ ਬੱਚੇ ਪੜ੍ਹਾਉਣ ਆਈ ਆਂ, ਕਿਸੇ ਚੌਧਰੀ ਦੀ ਚਾਕਰੀ ਕਰਨ ਨਹੀਂ ਆਈ। ਜੇ ਬਾਲਾਂ ਬਾਰੇ ਕੋਈ ਸੁਝਾਅ ਦੇਣਾ ਹੋਵੇ ਤਾਂ ਛੁੱਟੀ ਤੋਂ ਬਾਅਦ ਤਿੰਨ ਵਜੇ ਦਫ਼ਤਰ ਵਿਚ ਆ ਕੇ ਗੱਲ ਕਰ ਸਕਦੇ ਨੇ।"

ਨਰਗਿਸ ਦਾ ਜਵਾਬ ਸੁਣ ਕੇ ਚੌਧਰੀ ਰਿਆਜ਼ ਨੇ ਪਹਿਲੀ ਵਾਰ ਅਪਣੇ ਸ਼ਮਲੇ ਨੂੰ ਸ਼ਰਮਿੰਦਾ ਹੁੰਦੇ ਵੇਖਿਆ। ਉਹਨੂੰ ਨਰਗਿਸ ਨੂੰ ਵੇਖਣ ਦੀ ਬੜੀ ਕਾਹਲੀ ਪੈ ਗਈ ਕਿ ਇਹ ਕਿਹੜੀ ਸੌਗਾਤ ਆ ਗਈ ਹੈ ਜੋ ਮੇਰੇ ਅੱਗੇ ਆਕੜ ਖਲੋਤੀ ਏ। ਪਿੰਡ ਦਾ ਜ਼ੈਲਦਾਰ ਹੋਵੇ ਅਤੇ ਸਕੂਲ ਦੀ ਇਮਾਰਤ ਵੀ ਉਸੇ ਨੇ ਦਾਨ ਕੀਤੀ ਹੋਵੇ ਤਾਂ ਉਸ ਦੇ ਹੁਕਮ ਨੂੰ ਰੱਦਣ ਵਾਲਾ ਕੌਣ ਹੋਵੇ? ਇਸ ਖ਼ਿਆਲ ਨੇ ਚੌਧਰੀ ਰਿਆਜ਼ ਨੂੰ ਬੇਹਾਲ ਕਰ ਕੇ ਰੱਖ ਦਿਤਾ। ਉਸ ਨੇ ਤਿੰਨ ਵੱਜਣ ਦੀ ਉਡੀਕ ਵੀ ਨਾ ਕੀਤੀ ਤੇ ਖਲੋਤੇ ਪੈਰੀਂ ਸਕੂਲ ਵੱਲ ਟੁਰ ਪਿਆ। ਆ ਕੇ ਉਖੜੇ ਲਹਿਜੇ ਵਿਚ ਪਹਿਲਾਂ ਸਿਤਾਰਾ ਨਾਲ ਗੱਲ ਕੀਤੀ ਤਾਂ ਸਿਤਾਰਾ ਨੇ ਹੋਰ ਵੀ ਬਲਦੀ ਉਤੇ ਤੇਲ ਪਾਇਆ ਤੇ ਆਖਣ ਲੱਗੀ, "ਚੌਧਰੀ ਸਾਹਬ, ਮੈਂ ਬੜਾ ਸਮਝਾਇਆ ਪਰ ਨਰਗਿਸ ਨੂੰ ਇਸ ਗੱਲ ਦੀ ਰੱਤਾ ਹੀ ਨਹੀਂ ਲਗਦੀ।"

ਚੌਧਰੀ ਰਿਆਜ਼ ਨੇ ਆਖਿਆ, "ਉਸ ਨੂੰ ਸਮਝ ਨਹੀਂ ਆਉਂਦੀ ਤਾਂ ਮੈਨੂੰ ਸਮਝਾਉਣਾ ਆਉਂਦੈ।" ਇਹ ਗੱਲ ਕਰ ਕੇ ਚੌਧਰੀ, ਨਰਗਿਸ ਦੇ ਕਮਰੇ ਵਿਚ ਵੜ ਕੇ ਆਖਣ ਲੱਗਾ, "ਨਰਗਿਸ ਬੀਬੀ! ਮੇਰਾ ਨਾਂ ਚੌਧਰੀ ਰਿਆਜ਼ ਏ। ਮੈਂ ਤੇਰੇ ਨਾਲ ਕੋਈ ਗੱਲ ਕਰਨ ਆਇਆ ਹਾਂ।"

ਨਰਗਿਸ ਨੇ ਘੜੀ ਵਲ ਵੇਖ ਕੇ ਆਖਿਆ, "ਚੌਧਰੀ ਸਾਹਬ, ਛੁੱਟੀ ਹੋਣ ਵਿਚ ਅੱਧਾ ਘੰਟਾ ਬਾਕੀ ਏ। ਤੁਸੀ ਦਫ਼ਤਰ ਵਿਚ ਤਸ਼ਰੀਫ਼ ਰੱਖੋ, ਮੈਂ ਬਾਲਾਂ ਨੂੰ ਛੁੱਟੀ ਦੇ ਕੇ ਹਾਜ਼ਰ ਹੋਵਾਂਗੀ।"

ਚੌਧਰੀ ਦੀ ਚੌਧਰਾਹਟ ਨੂੰ ਸੱਟ ਤਾਂ ਵੱਜੀ, ਪਰ ਨਰਗਿਸ ਦੀ ਸ਼ਖ਼ਸੀਅਤ ਅਤੇ ਉਸ ਦੀ ਨਰਮ ਨਾਜ਼ੁਕ ਗੁਫ਼ਤਗੂ ਸੁਣ ਕੇ, ਉਹ ਅੱਗੋਂ ਕੁੱਝ ਆਖਣ ਜੋਗਾ ਨਾ ਰਿਹਾ। ਐਵੇਂ ਠਠਿੰਬਰ ਜਿਹਾ ਗਿਆ। ਨਰਗਿਸ ਪਰਤ ਕੇ ਦਫ਼ਤਰ ਵਿਚ ਆਈ ਤਾਂ ਚੌਧਰੀ ਲੱਤ ਉਤੇ ਲੱਤ ਚਾੜ੍ਹ ਕੇ ਰੱਬ ਬਣੀ ਬੈਠਾ ਸੀ। ਨਰਗਿਸ ਨੇ ਬੜੀ ਲਾਪਰਵਾਹੀ ਨਾਲ ਬੇਧੜਕ ਹੋ ਕੇ ਆਖਿਆ, "ਹੁਕਮ ਕਰੋ ਚੌਧਰੀ ਸਾਹਬ, ਕੀ ਖ਼ਿਦਮਤ ਕਰ ਸਕਦੀ ਆਂ?"

ਚੌਧਰੀ ਨੇ ਮੁੱਛ ਨੂੰ ਵੱਟ ਚਾੜ੍ਹਦੇ ਹੋਏ ਆਖਿਆ, "ਬੀਬੀ, ਤੇਰੇ ਆਉਣ ਨਾਲ ਲੋਕਾਂ ਦੀਆਂ ਬੜੀਆਂ ਸ਼ਿਕਾਇਤਾਂ ਆਉਣ ਲੱਗ ਪਈਆਂ ਨੇ। ਪਿੰਡ ਦੇ ਵੱਡੇ ਛੋਟੇ, ਉੱਚੇ ਨੀਵੇਂ ਅਤੇ ਇੱਜ਼ਤਦਾਰਾਂ ਨੂੰ ਇਕੋ ਹੀ ਡਾਂਗ ਨਾਲ ਹਕਿਆ ਜਾ ਰਿਹੈ। ਇਥੇ ਹਰ ਇਕ ਨੂੰ ਇਕੋ ਹੀ ਛੱਜ ਵਿਚ ਪਾ ਕੇ ਨਹੀਂ ਛੜਿਆ ਜਾ ਸਕਦਾ। ਸੁਣਿਐ, ਤੁਸੀ ਵੱਡੀ ਉਸਤਾਨੀ ਮਿਸ ਸਿਤਾਰਾ ਨੂੰ ਵੀ ਨਹੀਂ ਮਿਥਦੇ।"

ਨਰਗਿਸ ਨੇ ਆਖਿਆ, "ਚੌਧਰੀ ਸਾਹਬ, ਜੇ ਉਸਤਾਨੀ ਬਣ ਕੇ ਬਾਲਾਂ ਨੂੰ ਅਮੀਰ-ਗ਼ਰੀਬ, ਵੱਡੇ-ਛੋਟੇ ਅਤੇ ਉੱਚੇ-ਨੀਵੇਂ ਬਾਰੇ ਹੀ ਦਸਣੈ ਤਾਂ ਇਹ ਪਾਪ ਮੇਰੇ ਕੋਲੋਂ ਨਹੀਂ ਹੋ ਸਕੇਗਾ। ਮੈਂ ਤਾਂ ਇਹੀ ਦੱਸ ਸਕਦੀ ਆਂ ਕਿ ਰੱਬ ਸੱਭ ਤੋਂ ਵੱਡਾ ਹੈ ਅਤੇ ਹਰ ਸ਼ਰੀਫ਼ ਆਦਮੀ ਇੱਜ਼ਤਦਾਰ ਹੈ। ਜਿਹੜੇ ਬੰਦੇ, ਚੌਧਰੀ ਸਾਹਬ ਸ਼ਿਕਾਇਤ ਲੈ ਕੇ ਤੁਹਾਡੇ ਕੋਲ ਆਉਂਦੇ ਨੇ, ਉਹ ਸਕੂਲ ਚਲਾਣ ਵਾਲੇ ਸਰਕਾਰੀ ਅਫ਼ਸਰਾਂ ਨੂੰ ਸ਼ਿਕਾਇਤ ਕਿਉਂ ਨਹੀਂ ਕਰਦੇ? ਇਹ ਸੱਭ ਤੁਹਾਨੂੰ ਤੰਗ ਕਿਉਂ ਕਰਦੇ ਨੇ? ਸ਼ਿਕਾਇਤ ਕਰਨ ਵਾਲਿਆਂ ਦੀ ਕੋਈ ਗੱਲ ਅਸੂਲ ਅਤੇ ਕਾਨੂੰਨ ਵਿਰੁਧ ਹੋਈ ਤਾਂ ਉਹ ਮੈਂ ਮਿਸ ਸਿਤਾਰਾ ਜਾਂ ਕਿਸੇ ਉਤਲੇ ਅਫ਼ਸਰ ਦੀ ਵੀ ਨਹੀਂ ਮੰਨਾਂਗੀ। ਤੁਸੀ ਇਸ ਸਕੂਲ ਬਿਲਡਿੰਗ ਦੇ ਮਾਲਕ ਹੋ ਅਤੇ ਬਾਲਾਂ ਉਪਰ ਤੁਹਾਡੀ ਮਿਹਰਬਾਨੀ ਹੈ। ਇਸ ਤੋਂ ਬਾਅਦ ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ।"

ਇਹ ਗੱਲਾਂ ਕਰ ਕੇ ਨਰਗਿਸ ਨੇ ਕਾਗ਼ਜ਼ ਪੱਤਰ ਸਾਂਭੇ ਤੇ ਬੜੇ ਅਦਬ ਨਾਲ ਚੌਧਰੀ ਨੂੰ ਆਖਣ ਲੱਗੀ, "ਉਮੀਦ ਹੈ, ਮੈਨੂੰ ਹੁਣ ਇਜਾਜ਼ਤ ਦਿਉਗੇ। ਮੈਂ ਪੰਜ ਵਜੇ ਦੀ ਗੱਡੀ ਫੜਨੀ ਏ।"

ਨਰਗਿਸ ਤਾਂ ਗੱਡੀ ਫੜਨ ਟੁਰ ਗਈ, ਪਰ ਜ਼ੈਲਦਾਰ ਰਿਆਜ਼ ਹੱਥੋਂ ਚੌਧਰਾਹਟ ਦੀ ਸ਼ੂਮ ਚਿੜੀ ਛੁੱਟ ਗਈ।

(ਚਲਦਾ)

(ਬਾਕੀ ਅਗਲੇ ਅੰਕ 'ਚ)

ਚੌਧਰੀ ਨੇ ਮੁੱਛ ਨੂੰ ਵੱਟ ਚਾੜ੍ਹਦੇ ਹੋਏ ਆਖਿਆ, "ਬੀਬੀ, ਤੇਰੇ ਆਉਣ ਨਾਲ ਲੋਕਾਂ ਦੀਆਂ ਬੜੀਆਂ ਸ਼ਿਕਾਇਤਾਂ ਆਉਣ ਲੱਗ ਪਈਆਂ ਨੇ। ਪਿੰਡ ਦੇ ਵੱਡੇ ਛੋਟੇ, ਉੱਚੇ ਨੀਵੇਂ ਅਤੇ ਇੱਜ਼ਤਦਾਰਾਂ ਨੂੰ ਇਕੋ ਹੀ ਡਾਂਗ ਨਾਲ ਹਕਿਆ ਜਾ ਰਿਹੈ। ਇਥੇ ਹਰ ਇਕ ਨੂੰ ਇਕੋ ਹੀ ਛੱਜ ਵਿਚ ਪਾ ਕੇ ਨਹੀਂ ਛੜਿਆ ਜਾ ਸਕਦਾ। ਸੁਣਿਐ, ਤੁਸੀ ਵੱਡੀ ਉਸਤਾਨੀ ਮਿਸ ਸਿਤਾਰਾ ਨੂੰ ਵੀ ਨਹੀਂ ਮਿਥਦੇ।"

ਨਰਗਿਸ ਨੇ ਆਖਿਆ, "ਚੌਧਰੀ ਸਾਹਬ, ਜੇ ਉਸਤਾਨੀ ਬਣ ਕੇ ਬਾਲਾਂ ਨੂੰ ਅਮੀਰ-ਗ਼ਰੀਬ, ਵੱਡੇ-ਛੋਟੇ ਅਤੇ ਉੱਚੇ-ਨੀਵੇਂ ਬਾਰੇ ਹੀ ਦਸਣੈ ਤਾਂ ਇਹ ਪਾਪ ਮੇਰੇ ਕੋਲੋਂ ਨਹੀਂ ਹੋ ਸਕੇਗਾ। ਮੈਂ ਤਾਂ ਇਹੀ ਦੱਸ ਸਕਦੀ ਹਾਂ ਕਿ ਰੱਬ ਸੱਭ ਤੋਂ ਵੱਡਾ ਹੈ ਅਤੇ ਹਰ ਸ਼ਰੀਫ਼ ਆਦਮੀ ਇੱਜ਼ਤਦਾਰ ਹੈ। ਜਿਹੜੇ ਬੰਦੇ, ਚੌਧਰੀ ਸਾਹਬ ਸ਼ਿਕਾਇਤ ਲੈ ਕੇ ਤੁਹਾਡੇ ਕੋਲ ਆਉਂਦੇ ਨੇ, ਉਹ ਸਕੂਲ ਚਲਾਣ ਵਾਲੇ ਸਰਕਾਰੀ ਅਫ਼ਸਰਾਂ ਨੂੰ ਸ਼ਿਕਾਇਤ ਕਿਉਂ ਨਹੀਂ ਕਰਦੇ? ਇਹ ਸੱਭ ਤੁਹਾਨੂੰ ਤੰਗ ਕਿਉਂ ਕਰਦੇ ਨੇ? ਸ਼ਿਕਾਇਤ ਕਰਨ ਵਾਲਿਆਂ ਦੀ ਕੋਈ ਗੱਲ ਅਸੂਲ ਅਤੇ ਕਾਨੂੰਨ ਵਿਰੁਧ ਹੋਈ ਤਾਂ ਉਹ ਮੈਂ ਮਿਸ ਸਿਤਾਰਾ ਜਾਂ ਕਿਸੇ ਉਤਲੇ ਅਫ਼ਸਰ ਦੀ ਵੀ ਨਹੀਂ ਮੰਨਾਂਗੀ। ਤੁਸੀ ਇਸ ਸਕੂਲ ਬਿਲਡਿੰਗ ਦੇ ਮਾਲਕ ਹੋ ਅਤੇ ਬਾਲਾਂ ਉਪਰ ਤੁਹਾਡੀ ਮਿਹਰਬਾਨੀ ਹੈ। ਇਸ ਤੋਂ ਬਾਅਦ ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ।"

ਏਨਾ ਕਹਿ ਕੇ ਨਰਗਿਸ ਤਾਂ ਗੱਡੀ ਫੜਨ ਟੁਰ ਗਈ, ਪਰ ਜ਼ੈਲਦਾਰ ਰਿਆਜ਼ ਹੱਥੋਂ ਚੌਧਰਾਹਟ ਦੀ ਸ਼ੂਮ ਚਿੜੀ ਛੁੱਟ ਗਈ।

ਇੰਦੌਰ ਦਾ ਦਿਲ ਹੈ ਲਾਲ ਬਾਗ਼

ਜਗਮੋਹਨ ਸਿੰਘ ਲੱਕੀ

ਮੱਧ ਪ੍ਰਦੇਸ਼ ਦੇ ਪ੍ਰਸਿੱਧ ਸ਼ਹਿਰ ਇੰਦੌਰ ਵਿਚ ਸਥਿਤ ਲਾਲ ਬਾਗ਼ ਇਸ ਸਮੇਂ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੈ। ਇੰਦੌਰ ਜੇ ਮੱਧ ਪ੍ਰਦੇਸ਼ ਦਾ ਦਿਲ ਹੈ ਤਾਂ ਲਾਲ ਬਾਗ਼ ਇੰਦੌਰ ਦਾ ਦਿਲ ਹੈ। ਇਹ ਲਾਲ ਬਾਗ਼ ਇੰਦੌਰ ਸ਼ਹਿਰ ਦੀ ਸ਼ਾਨ ਹੈ ਤੇ ਇਸ ਸ਼ਹਿਰ ਦੀ ਸੁੰਦਰਤਾ ਵਿਚ ਵਾਧਾ ਕਰਦਾ ਹੈ। ਲਾਲ ਬਾਗ਼ ਵਿਚ ਬਣਿਆ ਮਹਿਲ ਜਿਥੇ ਇੰਦੌਰ ਸ਼ਹਿਰ ਦੇ ਪੁਰਾਤਨ ਇਤਿਹਾਸ, ਰਿਆਸਤਾਂ ਵੇਲੇ ਦੇ ਸਮੇਂ ਅਤੇ ਸ਼ਾਹੀ ਚੀਜ਼ਾਂ ਨੂੰ ਸਾਂਭੀ ਬੈਠਾ ਹੈ, ਉਥੇ ਇਸ ਵਿਚ ਬਣੇ ਬਾਗ਼ ਵਿਚ ਲੱਗੇ ਆਧੁਨਿਕ ਰੁੱਖ, ਪੌਦੇ ਤੇ ਜਲਪਰੀਆਂ ਦੀਆਂ ਮੂਰਤੀਆਂ ਇਸ ਨੂੰ ਆਧੁਨਿਕ ਰੂਪ ਵੀ ਦਿੰਦੇ ਹਨ। ਇਸ ਤਰ੍ਹਾਂ ਲਾਲ ਬਾਗ਼ ਇੰਦੌਰ ਸ਼ਹਿਰ ਦੀ ਪੁਰਾਤਨਤਾ ਤੇ ਆਧੁਨਿਕਤਾ ਦਾ ਸੁਮੇਲ ਹੈ।

ਲਾਲ ਬਾਗ਼ ਦਾ ਨਿਰਮਾਣ ਹੋਲਕਰ ਰਾਜਾ ਤੁਕੋਜੀਰਾਵ ਦੂਜਾ (1844-86 ਈ.) ਸ਼ਿਵਾਜੀ ਰਾਵ ਹੋਲਕਰ (1889-1902) ਦੇ ਰਾਜਕਾਲ ਦੌਰਾਨ ਹੋਇਆ। ਇਹ ਕਰੀਬ 7163 ਏਕੜ ਜ਼ਮੀਨ ਉਪਰ ਬਣਿਆ ਹੋਇਆ ਹੈ। ਇਸ ਦੀ ਬਿਲਡਿੰਗ ਵਿਸ਼ਾਲ ਹੈ ਅਤੇ ਇਸ ਵਿਚ ਕਾਫ਼ੀ ਲੰਮਾ ਚੌੜਾ ਬਾਗ਼ ਹੈ। 1926 ਈ. ਵਿਚ ਰਾਜਗੱਦੀ ਤਿਆਗਣ ਤੋਂ ਬਾਅਦ

ਬਰਨਾਰਡ ਟ੍ਰਿਗਸ ਭਵਨ ਨਿਰਮਾਣ ਮਾਹਰਾਂ ਵਲੋਂ ਪਛਮੀ ਕਲਾ ਵਿਧਾ ਵਿਚ ਕੀਤੀ ਗਈ ਹੈ। ਫ਼ਰਾਂਸੀਸੀ, ਆਂਗਲ ਅਤੇ ਮੁਗ਼ਲ ਕਲਪਨਾਵਾਂ ਦਾ ਮੇਲ ਬਾਗ਼ ਦੇ ਸਿੱਧੇ ਰਸਤਿਆਂ ਅਤੇ ਪਰਫੁੱਲ ਰੇਖਾਵਾਂ ਵਿਚ ਵਿਖਾਈ ਦਿੰਦਾ ਹੈ। ਇਸ ਤਰ੍ਹਾਂ ਲਾਲ ਬਾਗ਼ ਸ਼ਾਹੀ ਇਮਾਰਤ-ਮਹਿਲ ਅਤੇ ਬਾਗ਼ ਦੇ ਸਭਿਆਚਾਰਕ ਸੁਮੇਲ ਦੀ ਜਿਉਂਦੀ ਜਾਗਦੀ ਉਦਾਹਰਣ ਹੈ।

ਇਹ ਲਾਲ ਬਾਗ਼ (ਬਾਗ਼ ਵਿਚ ਬਣੀ ਵਿਸ਼ਾਲ ਇਮਾਰਤ) ਅਸਲ ਵਿਚ ਇਕ ਰਾਜ ਮਹਿਲ ਹੀ ਹੈ, ਜਿਸ ਵਿਚ ਇੰਦੌਰ (ਹੋਲਕਰ) ਰਿਆਸਤ ਦੇ ਰਾਜੇ ਦੇ ਰਾਜ ਦਰਬਾਰ ਤੋਂ ਇਲਾਵਾ ਅਤੇ ਰਾਜੇ ਤੇ ਰਾਣੀ ਦੇ ਵੱਖ-ਵੱਖ ਕਮਰਿਆਂ ਤੋਂ ਇਲਾਵਾ ਲਾਈਬਰੇਰੀ, ਮੀਟਿੰਗ ਹਾਲ, ਰਾਜ ਦਰਬਾਰ ਹਾਲ, ਰੈਸਟ ਰੂਮ, ਰੀਡਿੰਗ ਰੂਮ, ਗੈਸਟ ਰੂਮ ਵੀ ਹਨ। ਇਸ ਮਹਿਲ ਵਿਚ ਲੱਕੜ ਦਾ ਬਹੁਤ ਸੋਹਣਾ ਕੰਮ ਹੋਇਆ ਹੈ। ਮਹਾਰਾਣੀ ਦਾ ਸ਼ਾਹੀ ਬੈੱਡ ਰੂਮ (ਸੌਣ ਕਮਰਾ) ਵੀ ਵੇਖਣਯੋਗ ਹੈ। ਇਸ ਕਮਰੇ ਦੀ ਛੱਤ ਉਪਰ ਕਾਫ਼ੀ ਸੁੰਦਰ ਡਿਜ਼ਾਈਨ ਪਏ ਹੋਏ ਹਨ ਜੋ ਕਿ ਮਹਿਲ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ। ਇਸ ਕਮਰੇ ਵਿਚ ਮਹਾਰਾਣੀ ਦਾ ਵਿਸ਼ਾਲ ਸ਼ਾਹੀ ਪਲੰਘ ਕਾਫ਼ੀ ਸੁੰਦਰ ਹੈ। ਰਾਣੀ